**ਹੇਠ ਲਿੱਖਤ ਹੱਕਾਂ ਅਤੇ ਅਧਿਕਾਰਾਂ ਦੀ ਤੁਹਾਨੂੰ ਇੰਗਲੈਂਡ ਅਤੇ ਵੇਲਜ਼ ਵਿੱਚ ਦੇ ਕਾਨੂੰਨ ਅਧੀਨ ਗਰੰਟੀ ਦਿੱਤੀ ਜਾਂਦੀ ਹੈ ਅਤੇ ਇਹ ਮਾਨਵ ਹੱਕਾਂ ਦੀ ਯੂਰੋਪੀ ਸੰਧੀ (European Convention on Human Rights) ਦੀ ਪੂਰਤੀ ਕਰਦੇ ਹਨ।**

# ਆਪਣੇ ਹੱਕ ਯਾਦ ਰੱਖੋ:

**1. ਜੇ ਤੁਹਾਨੂੰ ਪੁਲਿਸ ਸਟੇਸ਼ਨ ਹੋਣ ਸਮੇਂ ਦੌਰਾਨ ਤੁਹਾਡੀ ਮਦਦ ਕਰਨ ਲਈ ਵਕੀਲ ਚਾਹੀਦਾ ਹੋਵੇ ਤਾਂ ਪੁਲਿਸ ਨੂੰ ਦੱਸੋ। ਇਹ ਮੁੱਫ਼ਤ ਹੈ।**

**2. ਜੇ ਤੁਸੀਂ ਕਿਸੇ ਨੂੰ ਦੱਸਣਾ ਚਹੁੰਦੇ ਹੋ ਕਿ ਤੁਸੀਂ ਪੁਲਿਸ ਸਟੇਸ਼ਨ ਵਿੱਚ ਹੋ ਤਾਂ ਪੁਲਿਸ ਨੂੰ ਦੱਸੋ। ਇਹ ਮੁੱਫ਼ਤ ਹੈ।**

**3. ਜੇ ਤੁਸੀਂ ਪੁਲਿਸ ਦੇ ਨਿਯਮ ਜਿਨ੍ਹਾਂ ਨੂੰ ਅਭਿਆਸ ਦਾ ਜਾਬਤਾ (Codes of Practice) ਆਖਦੇ ਹਨ, ਦੇਖਣਾ ਚਹੁੰਦੇ ਤਾਂ ਪੁਲਿਸ ਨੂੰ ਦੱਸੋ।**

ਜੇ ਤੁਹਾਨੂੰ ਡਾਕਟਰੀ ਸਹਾਇਤਾ ਦੀ ਲੋੜ ਹੈ ਤਾਂ ਪੁਲਿਸ ਨੂੰ ਦੱਸੋ। ਇਹ ਮੁੱਫ਼ਤ ਹੈ।

**ਤੁਹਾਨੂੰ ਤੁਹਾਡੇ ਹੱਕਾਂ ਅਤੇ ਪੁਲਿਸ ਨੂੰ ਤੁਹਾਡੇ ਨਾਲ ਕਿਸ ਤਰ੍ਹਾਂ ਦਾ ਵਿਹਾਰ ਕਰਨਾ ਚਾਹੀਦਾ ਹੈ ਬਾਰੇ ਵਧੇਰੇ ਵੇਰਵਾ ਅੰਦਰ ਲੱਭੇਗਾ**

Home Office | legal services COMMISSION | The Law Society

**ਹੱਕਾਂ ਅਤੇ ਅਧਿਕਾਰਾਂ ਦੀ ਇਹ ਸੂਚਨਾ (Notice of Rights and Entitlements) 1/8/11 ਤੋਂ ਲਾਗੂ ਹੋਵੇਗੀ**

- ਤੁਹਾਡੇ ਪੁਲਿਸ ਸਟੇਸ਼ਨ ਵਿੱਚ ਹੋਣ ਸਮੇਂ ਦੌਰਾਨ ਪੁਲਿਸ ਨੂੰ ਹੇਠ ਲਿੱਖਤ ਸੂਚੀਬੱਧ ਚੀਜ਼ਾਂ ਵਿੱਚੋਂ ਕੋਈ ਇੱਕ ਕਰਨ ਦੀ ਲੋੜ ਵੀ ਪੈ ਸਕਦੀ ਹੈ। ਤੁਹਾਡਾ ਉਚਿੱਤ ਬਾਲਗ, ਬਸ਼ਰਤੇ ਕਿ ਕੋਈ ਖ਼ਾਸ ਕਾਰਨ ਨਾ ਹੋਵੇ, ਜੇ ਪੁਲਿਸ ਇਨ੍ਹਾਂ ਵਿੱਚੋਂ ਕੋਈ ਵੀ ਚੀਜ਼ ਕਰੇ ਤਾਂ ਤੁਹਾਡੇ ਸਾਥ ਪੂਰਾ ਸਮਾਂ ਹੋਣਾ ਚਾਹੀਦਾ ਹੈ:

  - ਤੁਹਾਡਾ ਇੰਟਰਵੀਓ ਕਰਨ ਜਾਂ ਤੁਹਾਨੂੰ ਲਿੱਖਤੀ ਬਿਆਨ ਜਾਂ ਪੁਲਿਸ ਲਿੱਖਤ ਉੱਪਰ ਦਸਤਖ਼ਤ ਕਰਨ ਲਈ ਆਖਣ।
  - ਤੁਹਾਡੀ ਤਿਲਾਸ਼ੀ ਕਰਨ ਲਈ ਤੁਹਾਡੇ ਉਪਰਲੇ ਕੱਪੜਿਆਂ ਤੋਂ ਜਿਆਦਾ ਉਤਾਰਨ।
  - ਮੌਕੇ ਦੇ ਗਵਾਹ ਦੀ ਪਛਾਣ (eye-witness identification procedure) ਪ੍ਰਤੀ ਕੋਈ ਵੀ ਕਾਰਵਾਈ ਕਰਨ।

- ਜੇ ਤੁਹਾਡਾ ਉਚਿੱਤ ਬਾਲਗ ਉਪਲਬੱਧ ਹੋਵੇ ਤਾਂ ਉਸ ਨੂੰ ਜਦੋਂ ਪੁਲਿਸ ਇਹ ਕਰਨ ਉਸ ਸਮੇਂ ਵੀ ਹਾਜ਼ਰ ਹੋਣਾ ਚਾਹੀਦਾ ਹੈ:

  - ਇਹ ਦੇਖਣ ਲਈ ਕਿ ਤੁਹਾਨੂੰ ਹੋਰ ਸਮਾਂ ਨਜ਼ਰਬੰਦ ਰੱਖਿਆ ਜਾਣਾ ਚਾਹੀਦਾ ਹੈ ਜਾਂ ਨਹੀਂ ਲਈ ਤੁਹਾਡੇ ਕੇਸ ਦਾ ਮੁੜ-ਵਿਚਾਰ (review) ਕਰਨ।
  - ਤੁਹਾਡੇ ਤੇ ਕਿਸੇ ਅਪਰਾਧ ਦਾ ਦੋਸ਼ ਅਰੋਪਣ ਕਰਨ।
  - ਤੁਹਾਡੀਆਂ ਉਂਗਲੀਆਂ ਦੀ ਛਾਪ ਲੈਣ, ਫ਼ੋਟੋ ਖਿੱਚਣ ਜਾਂ ਡੀ.ਐਨ.ਏ. (DNA) ਜਾਂ ਹੋਰ ਕੋਈ ਨਮੂਨਾ ਪ੍ਰਾਪਤ ਕਰਨ।

## ਤੁਹਾਡੇ ਲਈ ਦੋਭਾਸ਼ੀਏ ਦਾ ਪ੍ਰਬੰਧ ਕਰਨਾ

ਜੇ ਤੁਸੀਂ ਅੰਗਰੇਜ਼ੀ ਨਹੀਂ ਬੋਲਦੇ ਜਾਂ ਨਹੀਂ ਸਮਝਦੇ ਤਾਂ ਤੁਹਾਡੀ ਮਦਦ ਕਰਨ ਲਈ ਤੁਹਾਡੀ ਭਾਸ਼ਾ ਬੋਲਣ ਵਾਲੇ ਦਾ ਪੁਲਿਸ ਪ੍ਰਬੰਧ ਕਰੇਗੀ।

ਜੇ ਤੁਸੀਂ ਬੋਲੇ ਹੋ ਜਾਂ ਤੁਹਾਨੂੰ ਬੋਲਣ ਵਿੱਚ ਮੂਕਲ ਪੇਸ਼ ਆਉਂਦੀ ਹੈ, ਤਾਂ ਤੁਹਾਡੀ ਮਦਦ ਕਰਨ ਲਈ ਪੁਲਿਸ ਬ੍ਰਤਾਨਵੀ ਇਸ਼ਾਰਾ ਭਾਸ਼ਾ (British Sign Language) ਦੇ ਅੰਗਰੇਜ਼ੀ ਦੋਭਾਸ਼ੀਏ ਦਾ ਪ੍ਰਬੰਧ ਕਰੇਗੀ।

ਜਦੋਂ ਪੁਲਿਸ ਤੁਹਾਨੂੰ ਸਵਾਲ ਪੁੱਛੇਗੀ ਦੋਭਾਸ਼ੀਆ ਸਵਾਲਾਂ ਅਤੇ ਤੁਹਾਡੇ ਜਵਾਬਾਂ ਦਾ ਤੁਹਾਡੀ ਭਾਸ਼ਾ ਵਿੱਚ ਰਿਕਾਰਡ ਕਾਇਮ ਕਰੇਗਾ/ਗੀ। ਇਸ ਉੱਪਰ ਇਸ ਦੇ ਸਹੀ ਰਿਕਾਰਡ ਹੋਣ ਵੱਜੋਂ ਦਸਤਖ਼ਤ ਕਰਨ ਤੋ ਪਹਿਲਾਂ ਤੁਸੀਂ ਇਸ ਦੀ ਜਾਂਚ ਕਰ ਸਕੋਂਗੇ।

ਜੇ ਤੁਸੀਂ ਪੁਲਿਸ ਨੂੰ ਬਿਆਨ ਦਿੱਤੇ, ਤਾਂ ਤੁਹਾਡੇ ਲਈ ਜਾਂਚ ਕਰਨ ਅਤੇ ਸਹੀ ਹੋਣ ਵੱਜੋਂ ਉੱਤੇ ਦਸਤਖ਼ਤ ਕਰਨ ਲਈ ਦੋਭਸ਼ੀਆ ਤੁਹਾਡੀ ਭਾਸ਼ਾ ਵਿੱਚ ਉਸ ਬਿਆਨ ਦੀ ਕਾਪੀ ਬਣਾਵੇਗਾ।

## ਜੋ ਲੋਕ ਬ੍ਰਤਾਨਵੀ ਨਹੀਂ

ਜੇ ਤੁਸੀਂ ਬ੍ਰਤਾਨਵੀ ਨਹੀਂ ਹੋ, ਤਾਂ ਤੁਸੀਂ ਪੁਲਿਸ ਨੂੰ ਦੱਸ ਸਕਦੇ ਹੋ ਕਿ ਤੁਸੀਂ ਉਨ੍ਹਾਂ ਨੂੰ ਦੱਸਣ ਲਈ ਕਿ ਤੁਸੀਂ ਕਿੱਥੇ ਹੋ ਅਤੇ ਪੁਲਿਸ ਸਟੇਸ਼ਨ ਵਿੱਚ ਕਿਉਂ ਹੋ ਦੱਸਣ ਲਈ ਆਪਣੇ ਹਾਈ ਕਮਿਸ਼ਨ, ਐਂਬਾਸੀ ਜਾਂ ਕੰਨਸੂਲੇਟ ਨਾਲ ਸੰਪਰਕ ਕਰਨਾ ਚਹੁੰਦੇ ਹੋ। ਉਹ ਤੁਹਾਨੂੰ ਇਕਾਂਤ ਵਿੱਚ ਆਣ ਕੇ ਵੀ ਮਿਲ ਸਕਦੇ ਹਨ ਜਾਂ ਤੁਹਾਡੇ ਲਈ ਵਕੀਲ ਦਾ ਪ੍ਰਬੰਧ ਕਰ ਸਕਦੇ ਹਨ।

